# *ਸਕੂਲ ਦੇ ਆਗੂਆਂ ਵਾਸਤੇ ਪਰਿਵਾਰਾਂ ਨਾਲ ਸਾਂਝਾ ਕਰਨ ਲਈ ਖਬਰਨਾਮੇ (ਨਿਊਜ਼ਲੈਟਰ) ਦੀ ਸਮੱਗਰੀ*

ਹੁਣ ਜਦੋਂ ਵਿਦਿਆਰਥੀ ਸਕੂਲ ਵਾਪਸ ਆ ਗਏ ਹਨ, ਤਾਂ ਇਹ ਮਹੱਤਵਪੂਰਣ ਹੈ ਕਿ ਅਸੀਂ ਇੱਕ ਦੂਜੇ ਪ੍ਰਤੀ ਦਿਆਲੂ ਹਾਂ ਅਤੇ ਆਦਰ ਕਰਦੇ ਹਾਂ। ਸਕੂਲ ਦੀ ਅਗਵਾਈ ਕਰ ਰਹੀ ਟੀਮ ਲਈ ਇਹ ਮਹੱਤਵਪੂਰਣ ਹੈ ਕਿ ਸਾਡਾ ਸਕੂਲ ਭਾਈਚਾਰਾ ਸੁਰੱਖਿਅਤ ਅਤੇ ਸਕਾਰਾਤਮਕ ਸਥਾਨ ਹੈ ਜਿੱਥੇ ਬੱਚੇ ਸਿੱਖ ਸਕਦੇ ਹਨ ਅਤੇ ਪ੍ਰਫੁੱਲਤ ਹੋ ਸਕਦੇ ਹਨ। ਹਰ ਕਿਸੇ ਦਾ ਸੁਰੱਖਿਅਤ ਅਤੇ ਆਦਰਯੋਗ ਵਾਤਾਵਰਣ ਤਿਆਰ ਕਰਨ ਵਿੱਚ ਯੋਗਦਾਨ ਹੁੰਦਾ ਹੈ। ਸਾਨੂੰ ਇਹ ਯਕੀਨੀ ਬਨਾਉਣ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ, ਕਿ ਸਾਡਾ ਸਕੂਲ ਅਜਿਹੀ ਥਾਂ ਬਣਿਆ ਹੋਇਆ ਹੈ ਜਿੱਥੇ ਹਰ ਕੋਈ ਸੁਰੱਖਿਅਤ ਅਤੇ ਸੁਣਿਆ ਹੋਇਆ ਮਹਿਸੂਸ ਕਰਦਾ ਹੈ।

ਸਿੱਖਿਆ ਅਤੇ ਸਿਖਲਾਈ ਵਿਭਾਗ ਨੇ ਨਵੀਂ ਨੀਤੀ [link] ਜਾਰੀ ਕੀਤੀ ਹੈ, ਜੋ ਵਿਕਟੋਰੀਆ ਦੇ ਸਕੂਲ ਭਾਈਚਾਰਿਆਂ ਵਿੱਚ ਮਾਪਿਆਂ, ਸੰਭਾਲ ਕਰਨ ਵਾਲਿਆਂ ਅਤੇ ਹੋਰ ਬਾਲਗਾਂ ਤੋਂ ਉਮੀਦ ਕੀਤੇ ਜਾਂਦੇ ਸਕਾਰਾਤਮਕ ਵਿਵਹਾਰ ਦਾ ਵਰਣਨ ਕਰਦੀ ਹੈ। ਇਹ ਨੀਤੀ ਵਿਦਿਆਰਥੀਆਂ, ਕਰਮਚਾਰੀਆਂ ਅਤੇ ਬਾਲਗਾਂ ਵਾਸਤੇ ਸੁਰੱਖਿਅਤ, ਆਦਰਯੋਗ ਅਤੇ ਸ਼ਾਮਲ ਹੋ ਕੇ ਸਿੱਖਣ ਦਾ ਮਾਹੌਲ ਬਨਾਉਣ ਲਈ ਵਿਵਹਾਰ ਦੇ ਸਪੱਸ਼ਟ ਮਿਆਰ ਨਿਰਧਾਰਤ ਕਰਦੀ ਹੈ।

ਸਾਡੇ ਸਕੂਲੀ ਭਾਈਚਾਰੇ ਵਿੱਚ ਸੁਰੱਖਿਅਤ ਅਤੇ ਆਦਰਪੂਰਵਕ ਰਿਸ਼ਤਿਆਂ ਦੀ ਸਹਾਇਤਾ ਕਰਨ ਲਈ ਹੋਰ ਸਰੋਤ ਵੀ ਹਨ, ਜਿੰਨ੍ਹਾਂ ਵਿੱਚ ਸਕੂਲ ਨਾਲ ਸ਼ਾਮਲ ਹੋਣ ਬਾਰੇ ਜਾਣਕਾਰੀ, ਚਿੰਤਾ ਜਾਂ ਸ਼ਿਕਾਇਤ ਕਿਵੇਂ ਉਠਾਉਣੀ ਹੈ, ਅਤੇ ਪਾਲਣ-ਪੋਸ਼ਣ ਵਿੱਚ ਸਹਾਇਤਾ ਦੇ ਸਰੋਤਾਂ ਬਾਰੇ ਸਲਾਹ ਸ਼ਾਮਲ ਹੈ। ਤੁਸੀਂ ਨਵੀਂ ਨੀਤੀ ਅਤੇ ਇਹ ਹੋਰ ਸਰੋਤ ਇੱਥੇ ਲੱਭ ਸਕਦੇ ਹੋ: [LINK TO PARENT PAGE]

ਤੁਸੀਂ ਸਕਾਰਾਤਮਕ ਵਿਵਹਾਰ ਨੂੰ ਉਤਸ਼ਾਹਿਤ ਕਰਦਾ ਹੋਇਆ ਸਾਡੇ ਸਕੂਲ ਦੇ ਆਲੇ-ਦੁਆਲੇ ਲੱਗਾ ਨਵਾਂ ਪੋਸਟਰ [link] ਵੀ ਦੇਖ ਸਕਦੇ ਹੋ।

ਸਾਡੇ ਸਕੂਲ ਨਾਲ ਸਕਾਰਾਤਮਕ ਤੌਰ 'ਤੇ ਕਿਵੇਂ ਜੁੜਨਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ *[insert Principal's name and contact details]* ਨਾਲ ਸੰਪਰਕ ਕਰੋ।

[Principal signature]